# ਪਿਆਰ ਨਿਸ਼ਾਨੀ


ਲੇਖਕ
ਸ੍ਰ: ਮੋਹਨ ਸਿੰਘ
ਪ੍ਰੇਮ


ਜਾਣ-ਪਛਾਣ
ਸ੍ਰ: ਨਾਨਕ ਸਿੰਘ
ਨਾਵਲਿਸਟ

LAHORE LIBRARY


—ਪ੍ਰਕਾਸ਼ਕ—

ਪੰਜਾਬੀ – ਬੁਕ – ਸ਼ਾਪ

ਚੌਂਕ ਘੰਟਾ ਘਰ ਅੰਮ੍ਰਿਤਸਰ

ਸਭ ਹਕ ਹਮੇਸ਼ਾਂ ਲਈ ਪੰਜਾਬੀ ਬੁਕ ਸ਼ਾਪ ਦੇ ਰਾਖਵੇਂ ਹਨ।

ਪ੍ਰਕਾਸ਼ਕ—
ਗਿਆਨੀ ਸਰਨਾਗਤ ਸਿੰਘ
ਮਾਲਕ— ਪੰਜਾਬੀ ਬੁਕ ਸ਼ਾਪ
ਚੌਂਕ ਘੰਟਾ ਘਰ ਅਮ੍ਰਿਤਸਰ

ਭੇਟਾ !

ਜੋਗ:— ______

ਵਲੋਂ:— ______

ਪਹਿਲੀ ਵਾਰ
ਜਨਵਰੀ ੧੯੪੬

ਸ: ਬੁਧ ਸਿੰਘ ਵਾਲੇ "ਸ੍ਰੀ ਗੁਰਮਤ ਪ੍ਰੈਸ" ਅਮ੍ਰਿਤਸਰ ਵਿਚ ਛਪੀ ।
ਪ੍ਰਿੰਟਰ—ਗਜਾਨੀ ਮਹਿੰਦਰ ਸਿੰਘ 'ਰਤਨ'

# ਜਾਣ ਪਛਾਣ

(ਵਲੋਂ—ਸ੍ਰ: ਨਾਨਕ ਸਿੰਘ ਜੀ ਨਾਵਲਿਸਟ)

ਪੰਜਾਬੀ ਸਾਹਿੱਤ ਨੇ ਇਨ੍ਹਾਂ ਪੰਜਾਂ ਸੱਤਾਂ ਸਾਲਾਂ ਵਿਚ ਹੈਰਾਨੀ ਭਰੀ ਸਫ਼ਲਤਾ ਪ੍ਰਾਪਤ ਕੀਤੀ ਹੈ । ਲਗ ਪਗ ਹਰ ਵਿਸ਼ੇ ਉਤੇ ਚੰਗੀਆਂ ਚੰਗੀਆਂ ਕਿਤਾਬਾਂ ਲਿਖੀਆਂ ਜਾ ਚੁਕੀਆਂ ਹਨ। ਖਾਸ ਕਰਕੇ ਕਵਿਤਾ ਦਾ ਤਾਂ ਇਤਨਾ ਹੜ੍ਹ ਆ ਗਿਆ ਹੈ ਕਿ ਕਾਂ ਨੂੰ ਵੱਟਾ ਮਾਰੋ ਤਾਂ ਕਵੀ ਨੂੰ ਜਾ ਵਜਦਾ ਹੈ।

ਪਰ ਏਨਾ ਕੁਝ ਹੋਣ ਤੇ ਵੀ ਇਸ ਦੀ ਇਕ ਕੰਨੀ ਅਜੇ ਤੀਕ ਲਗ ਪਗ ਸਖਣੀ ਹੀ ਪਈ ਦਿਸਦੀ ਹੈ—ਨਾਵਲ ਦੀ। ਜਿਥੇ ਗੁਆਂਢੀ ਬੋਲੀਆਂ ਨੇ ਦਰਜਨਾਂ ਤੇ ਕੋੜੀਆਂ ਨਾਵਲ ਨਵੀਸ ਪੈਦਾ ਕਰ ਦਿਤੇ ਹਨ, ਉਥੇ ਸਾਡਾ ਸਾਹਿਤ ਮਸਾਂ ਇਕ ਨਾਵਲਿਸਟ ਹੀ ਪੈਦਾ ਕਰ ਸਕਿਆ ਹੈ, ਉਹ ਵੀ ਐਵੇਂ ਭੱਜਾ ਟੁਟਾ—ਕੀ ਇਹ ਸਾਡੇ ਲਈ ਸ਼ਰਮ ਵਾਲੀ ਗਲ ਨਹੀਂ ?

ਮੈਨੂੰ ਸੱਧਰ ਜਿਹੀ ਪੈ ਗਈ ਹੈ ਪੰਜਾਬੀ ਦੇ ਬਹੁਤ ਸਾਰੇ ਨਾਵਲਿਸਟ ਵੇਖਣ ਦੀ।। ਸੋਚਦਾ ਹਾਂ, ਇਹ ਬੁੱਢਾ ਤੋਤਾ ਹੁਣ ਕਿਚਰ ਤੀਕ ਲਟ ਪਟ ਪੰਛੀ ਗਾਈ ਜਾਏਗਾ ? ਕੀ ਇਸ ਦੀ ਥਾਂ ਮੱਲਣ ਲਈ ਕੋਈ ਹੋਰ ਨਹੀਂ ਨਿਤਰੇਗਾ ?

ਮੋਹਨ ਸਿੰਘ 'ਪ੍ਰੇਮ' ਮੈਨੂੰ ਇਕ ਉਤਸਾਹੀ ਲਿਖਾਰੀ ਜਾਪਿਆ ਹੈ, ਤੇ ਇਹ 'ਪਿਆਰ-ਨਿਸ਼ਾਨੀ' ਪੰਜਾਬੀ ਸਾਹਿੱਤ

ਲਈ ਉਸ ਦੀ ਪਹਿਲੀ ਕਿਸ਼ਤ ਹੈ। ਕਲਾ ਦੇ ਲਿਹਾਜ਼ ਨਾਲ ਭਾਵੇਂ ਇਹ ਚੀਜ਼ ਬਹੁਤੀ ਸ਼ਾਨਦਾਰ ਨਾ ਸਮਝੀ ਜਾਵੇ, ਪਰ ਇਸ ਕਿਤਾਬ ਨੂੰ ਪੜ੍ਹ ਕੇ ਕੋਈ ਵੀ ਪਾਠਕ ਇਸ ਗਲੋਂ ਇਨਕਾਰ ਨਹੀਂ ਕਰੇਗਾ ਕਿ ਲੇਖਕ ਦਾ ਦਿਲ, ਨਰੋਈਆਂ ਰੀਝਾਂ ਤੇ ਪਿਆਰ-ਉਮੰਗਾਂ ਨਾਲ ਲਬਰੇਜ਼ ਹੈ। ਇਸ ਦਾ ਦਰਸਾਇਆ ਹੋਇਆ ਪਿਆਰ, ਮਾਦਕਤਾ ਵਿਚ ਡੁਬਿਆ ਤਲਖ਼ ਜਿਹਾ ਨਸ਼ਾ ਨਹੀਂ, ਬਲਕਿ ਸੀਤਲ, ਮਿੱਠਾ ਤੇ ਆਤਮ-ਹੁਲਸਾਊ ਉਮਾਹ ਹੈ, ਜੇਹੜਾ ਪ੍ਰੇਮੀ ਨੂੰ ਨਿਵਾਣ ਵਲ ਰੋੜ੍ਹਨ ਦੇ ਥਾਂ ਉਚਿਆਈਆਂ ਵਲ ਲੈ ਜਾਂਦਾ ਹੈ।

ਨਾਵਲ-ਲੇਖਕ ਲਈ ਜਿਥੇ ਉਚੇ ਦਰਜੇ ਦਾ ਮਨੋਵਿਗਿਆਨਿਕ, ਸਮਾਜਕ ਤ੍ਰੁਟੀਆਂ ਦਾ ਜਾਣੂ ਤੇ ਆਪਣੇ ਦੇਸ ਦੀ ਰਹਿਣੀ ਬਹਿਣੀ ਦਾ ਵਾਕਫ਼ ਹੋਣਾ ਜ਼ਰੂਰੀ ਹੈ, ਉਥੇ ਉੱਚ-ਖਿਆਲੀਆਂ ਦੀ ਦੌਲਤ ਨਾਲ ਵੀ ਉਸ ਦਾ ਕੋਸ਼ ਮਾਲਾ ਮਾਲ ਹੋਣਾ ਚਾਹੀਦਾ ਹੈ। ਉਸਦੀ ਰਚਨਾ ਦਾ ਹਰ ਹਿਸਾ ਕਿਸੇ ਸਵਾਲ ਦਾ ਹੱਲ—ਕਿਸੇ ਬੁਝਾਰਤ ਦਾ ਉੱਤਰ ਹੋਵੇ, ਉਸ ਦੀ ਕਲਮ ਦੀ ਹਰ ਇਕ ਹਰਕਤ ਵਿਚ ਕਿਸੇ ਨ ਕਿਸੇ ਮਰਮ-ਭੇਦਤਾ ਦੀ ਝਰਨਾਟ ਹੋਣੀ ਚਾਹੀਦੀ ਹੈ, ਪਰ ਇਸ ਸਭ ਕੁਝ ਦੀ ਪ੍ਰਾਪਤੀ ਲਈ ਜਿਸ ਚੀਜ਼ ਦੀ ਲੋੜ ਹੈ ਉਹ ਹੈ ਜੀਵਨ-ਤਜਰਬਿਆਂ ਦੀ ਬਹੁਲਤਾ, ਜੇਹੜੀ ਕੇਵਲ ਜੀਵਨ-ਪੰਧ ਦੇ ਲੰਮੇ ਲੰਮੇ ਪੜਾਉ ਲੰਘਿਆਂ ਹੀ ਪ੍ਰਾਪਤ ਹੋ ਸਕਦੀ ਹੈ।

ਸਾਡਾ ਇਹ ਨਵ-ਲਿਖਾਰੀ, ਉਮਰ ਦੇ ਲਿਹਾਜ਼ ਨਾਲ ਅਜੇ ਜੀਵਨ ਦੀ ਏਡੀ ਉੱਚੀ ਟੀਸੀ ਤੇ ਨਹੀਂ ਅਪੜਿਆ। ਉਸ ਦੀਆਂ ਛੋਟੀਆਂ ਲੱਤਾਂ ਅਜੇ ਲੰਮੀਆਂ ਲਾਂਘਾਂ ਭਰਨ



ਜੋਗੀਆਂ ਨਹੀਂ ਹੋਈਆਂ, ਤਾਂ ਵੀ ਸਾਨੂੰ ਆਸ ਰਖਣੀ ਚਾਹੀਦੀ ਹੈ ਕਿ ਇਕ ਨਾ ਇਕ ਦਿਨ—ਜੇ ਉਹ ਆਪਣੀ ਤੋਰੇ ਤੁਰਿਆ ਗਿਆ—ਜ਼ਰੂਰ ਸਿਖਰ ਨੂੰ ਛੁਹਣ ਵਿਚ ਕਾਮਯਾਬ ਹੋ ਸਕੇਗਾ। ਆਪਣੀ ਰਚਨਾ ਵਿਚ ਉਸ ਨੇ ਤਰਸ ਤੇ ਹਮਦਰਦੀ ਦੀਆਂ ਤਾਰਾਂ ਜੋੜ ਕੇ ਦੋ ਰੂਹਾਂ ਵਿਚੋਂ ਨਿਰਮਲ ਪ੍ਰੇਮ ਦੀ ਬਿਜਲੀ ਪ੍ਰਗਟਾਉਣ ਵਿਚ ਵਿਚ ਕਾਫ਼ੀ ਸਫਲਤਾ ਪ੍ਰਾਪਤ ਕੀਤੀ ਹੈ।

ਮੈਂ ਆਸ ਕਰਦਾ ਹਾਂ ਕਿ 'ਪ੍ਰੇਮ' ਦੀਆਂ ਆਉਣ ਵਾਲੀਆਂ ਰਚਨਾਵਾਂ ਵਿਚ ਵਧੇਰੇ ਦੂਰ-ਦਰਸ਼ਤਾ ਤੇ ਠਰੰ੍ਹਮਾ ਪਾਇਆ ਜਾਏਗਾ। ਤੇ ਇਹ ਵੀ ਉਮੀਦ ਕਰਦਾ ਹਾਂ ਕਿ ਪੰਜਾਬੀ ਵਿਚ ਹੋਰ ਵੀ ਬਹੁਤ ਸਾਰੇ ਨਾਵਲ-ਲਿਖਾਰੀ ਪੈਦਾ ਹੋ ਕੇ 'ਪ੍ਰੇਮ' ਦੇ ਹਮ ਸਫ਼ਰ ਬਣਦੇ ਹੋਏ ਮੇਰੀ ਤਮੰਨਾ ਪੂਰੀ ਕਰਨਗੇ।

ਅੰਮ੍ਰਿਤਸਰ.
੧੭-੧-੪੬

ਨਾਨਕ ਸਿੰਘ

## TO READ THE ENTIRE BOOK PLEASE CONTACT US:


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.